# Inaugural 2+2 Dialogue of the Foreign and Defence Ministers of India and the Russian Federation

November 26, 2021

................................

## ਭਾਰਤ ਅਤੇ ਰੂਸੀ ਸੰਘ ਦੇ ਵਿਦੇਸ਼ ਅਤੇ ਰੱਖਿਆ ਮੰਤਰੀਆਂ ਦਰਮਿਆਨ ਪਹਿਲੀ 2+2 ਵਾਰਤਾ

## 26 ਨਵੰਬਰ, 2021

ਵਿਦੇਸ਼ ਅਤੇ ਰੱਖਿਆ ਮੰਤਰੀਆਂ ਦੇ ਪੱਧਰ 'ਤੇ ਭਾਰਤ ਅਤੇ ਰੂਸੀ ਸੰਘ ਵਿਚਕਾਰ ਪਹਿਲੀ 2+2 ਵਾਰਤਾ ਕਰਨ ਲਈ ਪਹਿਲੀ ਮੀਟਿੰਗ 6 ਦਸੰਬਰ, 2021 ਨੂੰ ਨਵੀਂ ਦਿੱਲੀ ਵਿੱਚ ਹੋਵੇਗੀ। ਮਾਨਯੋਗ ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਅਤੇ ਮਾਨਯੋਗ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਇਸ ਵਾਰਤਾ ਵਿੱਚ ਭਾਰਤੀ ਪੱਖ ਦੀ ਨੁਮਾਇੰਦਗੀ ਕਰਨਗੇ। ਰੂਸੀ ਵਿਦੇਸ਼ ਮੰਤਰੀ ਮਹਾਮਹਿਮ ਸਰਗੇਈ ਲਾਵਰੋਵ ਅਤੇ ਰੂਸੀ ਰੱਖਿਆ ਮੰਤਰੀ ਮਹਾਮਹਿਮ ਸ਼੍ਰੀ ਸਰਗੇਈ ਸ਼ੋਇਗੂ 2+2 ਵਾਰਤਾ ਲਈ 5-6 ਦਸੰਬਰ, 2021 ਨੂੰ ਨਵੀਂ ਦਿੱਲੀ ਦਾ ਦੌਰਾ ਕਰਨਗੇ।

2+2 ਵਾਰਤਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਰੂਸੀ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਵਲਾਦੀਮੀਰ ਪੁਤਿਨ ਵਿਚਕਾਰ 28 ਅਪ੍ਰੈਲ 2021 ਨੂੰ ਟੈਲੀਫੋਨ 'ਤੇ ਹੋਈ ਗੱਲਬਾਤ ਦੌਰਾਨ ਹੋਏ ਸਮਝੌਤੇ ਅਨੁਸਾਰ ਹੋ ਰਹੀ ਹੈ। ਇਸ ਗੱਲਬਾਤ ਦੇ ਏਜੰਡੇ ਵਿੱਚ ਆਪਸੀ ਹਿੱਤਾਂ ਦੇ ਸਿਆਸੀ ਅਤੇ ਰੱਖਿਆ ਮੁੱਦੇ ਸ਼ਾਮਲ ਹੋਣਗੇ।

2+2 ਵਾਰਤਾ ਦੀ ਇਸ ਨਵੀਂ ਵਿਧੀ ਦੀ ਸਥਾਪਨਾ ਹੋਣ ਨਾਲ ਦੋਵਾਂ ਦੇਸ਼ਾਂ ਦੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤੀ ਮਿਲਣ ਦੀ ਉਮੀਦ ਹੈ।

ਨਵੀਂ ਦਿੱਲੀ
26 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.